ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
(ਦਫ: ਪ੍ਰਮੁੱਖ/ਇੰਜ. ਐਚ.ਆਰ.ਡੀ)
(ਬੋਰਡ ਭਾਗ)

ਵੱਲ

1. ਸਾਰੇ ਇੰਜੀ.ਇੰਨ ਚੀਫ/ਮੁੱਖ ਇੰਜੀਨੀਅਰਜ,ਪੰ:ਸ:ਪਾ:ਕਾ:ਲਿ:/ਪੰ:ਸ:ਟ:ਕਾ:ਲਿ:।
2. ਸਾਰੇ ਮੁੱਖ ਲੇਖਾ ਅਫਸਰ,ਪੰ:ਸ:ਪਾ:ਕਾ:ਲਿ:ਪਟਿਆਲਾ ।
3. ਉਪ ਸਕੱਤਰ/ਸਿਕਾਇਤਾਂ ਤੇ ਭਲਾਈ, ਪੰ:ਸ:ਪਾ:ਕਾ:ਲਿ:ਪਟਿਆਲਾ
4. ਉਪ ਸਕੱਤਰ/ਸੇਵਾਵਾ-1,2,3, ਪੰ:ਸ:ਪਾ:ਕਾ:ਲਿ:ਪਟਿਆਲਾ
5. ਉਪ ਸਕੱਤਰ/ਪੀ ਤੇ ਆਰ, ਪੰ:ਸ:ਪਾ:ਕਾ:ਲਿ:ਪਟਿਆਲਾ
6. ਉਪ ਸਕੱਤਰ/ਭਰਤੀ, ਪੰ:ਸ:ਪਾ:ਕਾ:ਲਿ:ਪਟਿਆਲਾ
7. ਉਪ ਸਕੱਤਰ/ਅ:ਅ:-1, ਪੰ:ਸ:ਪਾ:ਕਾ:ਲਿ:ਪਟਿਆਲਾ
8. ਕਾਨੂੰਨੀ ਸਲਾਹਕਾਰ, ਪੰ:ਸ:ਪਾ:ਕਾ:ਲਿ:ਪਟਿਆਲਾ
9.ਅਧੀਨ ਸਕੱਤਰ/ਵੀ ਤੇ ਐਸ, ਪੰ:ਸ:ਪਾ:ਕਾ:ਲਿ:ਪਟਿਆਲਾ

ਮੀਮੋ ਨੰ: ਬੀਡੀ/ਜੀ-3086
ਮਿਤੀ

ਵਿਸ਼ਾ:- **Martyrs of Jallianwala \Bagh Massacre of 13th April,1919**

..............

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਪੰਜਾਬ ਸਰਕਾਰ ਸੁਤੰਤਰਤਾ ਸੰਗਰਾਮੀ ਵਿਭਾਗ (ਸੁਤੰਤਰਤਾ ਸੰਗਰਾਮੀ ਸਾਖਾ) ਚੰਡੀਗੜ੍ਹ ਦਾ ਪੱਤਰ ਨੰ:1/8/2010-2ਐਫ ਐਫ/32 ਮਿਤੀ 4.1.2013 ਨੂੰ ਪੰ:ਸ:ਪਾ:ਕਾ:ਲਿ:ਪਟਿਆਲਾ ਦੀ ਵੈਬ ਸਾਈਟ ਤੇ ਪਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ ।

ਨੱਥੀ/ਉਪਰੋਕਤ ਅਨੁਸਾਰ

23/1/13

ਅਧੀਨ ਸਕੱਤਰ/ਤਾਲਮੇਲ,
ਪੰ:ਸ:ਪਾ:ਕਾ:ਲਿ:ਪਟਿਆਲਾ ।

ਸੀਸੀ:- *ਉਪ ਮੁੱਖ ਇੰਜੀ./ਆਈ ਟੀ,ਪੰ:ਸ:ਪਾ:ਕਾ:ਲਿ:ਪਟਿਆਲਾ ਨੂੰ ਪ੍ਰਮੁੱਖ ਇੰਜੀਨੀਅਰ/ਐਚ ਆਰ ਡੀ,ਪੰ:ਸ:ਪਾ:ਕਾ:ਲਿ:ਪਟਿਆਲਾ ਦੀ ਵੈਬ ਸਾਈਟ ਤੇ ਪਾਉਣ ਹਿੱਤ ।*

ਪੰਜਾਬ ਸਰਕਾਰ
ਸੁਤੰਤਰਤਾ ਸੰਗਰਾਮੀ ਵਿਭਾਗ
(ਸੁਤੰਤਰਤਾ ਸੰਗਰਾਮੀ ਸ਼ਾਖਾ)

Diary No. 291 EIC/IRD.
Date 16.1.13

ਨੋਟੀਫਿਕੇਸ਼ਨ

ਮਿਤੀ, ਚੰਡੀਗੜ੍ਹ: 04-01-2013

ਵਿਸ਼ਾ: 13 ਅਪ੍ਰੈਲ, 1919 ਦੇ ਜਲ੍ਹਿਆਂਵਾਲਾ ਬਾਗ ਦੇ ਸਾਕੇ ਦੇ ਸ਼ਹੀਦ.

*****

ਨੰ:1/8/2010-2ਐਫ.ਐਫ./30 ਜਦੋਂ ਕਿ ਭਾਰਤ ਸਰਕਾਰ ਵੱਲੋਂ ਗ੍ਰਹਿ ਮੰਤਰਾਲੇ ਦੇ ਮਿਤੀ 13 ਦਸੰਬਰ 2008 ਦੇ ਪੱਤਰ ਨੰ:8/1/2008-ਐਫ.ਐਫ.(ਪੀ.) ਰਾਹੀਂ ਜਲ੍ਹਿਆਂਵਾਲਾ ਬਾਗ ਦੇ ਸਾਕੇ ਨੂੰ ਭਾਰਤ ਦੇ ਸੁਤੰਤਰਤਾ ਸੰਗਰਾਮ ਦਾ ਅਹਿਮ ਹਿੱਸਾ ਕਰਾਰ ਦਿੱਤੇ ਜਾਣ ਉਪਰੰਤ ਪੰਜਾਬ ਸਰਕਾਰ ਨੇ ਵੀ 13 ਅਪ੍ਰੈਲ, 1919 ਨੂੰ ਹੋਏ ਜਲ੍ਹਿਆਂਵਾਲਾ ਬਾਗ ਦੇ ਹੱਤਿਆ ਕਾਂਡ ਦੇ ਸ਼ਹੀਦਾਂ ਦੀ ਇਕ ਪ੍ਰਮਾਣਿਕ ਤੇ ਅੰਤਿਮ ਸੂਚੀ ਤਿਆਰ ਕਰਨ ਦੀ ਪ੍ਰਕ੍ਰਿਆ ਸ਼ੁਰੂ ਕੀਤੀ ਹੈ, ਜਿਸ ਦੇ ਰਾਹੀਂ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਦੇ ਆਸ਼ਰਿਤ/ਕਾਨੂੰਨੀ ਵਾਰਸਾਂ ਨੂੰ ਭਾਰਤ ਸਰਕਾਰ ਦੀ ਸੁਤੰਤਰਤਾ ਸੰਗਰਾਮ ਪੈਨਸ਼ਨ ਸਕੀਮ ਅਤੇ ਢੁੱਕਵੀਂ ਰਾਜ ਸਰਕਾਰ ਦੀ ਪੈਨਸ਼ਨ ਸਕੀਮ ਦੇ ਤਹਿਤ ਪੈਨਸ਼ਨ ਅਤੇ ਇਸ ਦੇ ਨਾਲ-ਨਾਲ ਸੁਤੰਤਰਤਾ ਸੰਗਰਾਮੀਆਂ ਨੂੰ ਅਦਾ ਕਰਨ ਯੋਗ ਹੋਰ ਸੁਵਿਧਾਵਾਂ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਦੂਜੇ ਸੁਤੰਤਰਤਾ ਸੰਗਰਾਮੀਆਂ ਦੇ ਬਰਾਬਰ ਦਾ ਰੁੱਤਬਾ ਪ੍ਰਾਪਤ ਹੋ ਜਾਵੇ।

2. ਜਦੋਂ ਕਿ ਇਸ ਦੀ ਪੈਰਵੀ ਕਰਦੇ ਹੋਏ ਪੰਜਾਬ ਸਰਕਾਰ ਨੇ ਆਪਣੇ ਸੁਤੰਤਰਤਾ ਸੰਗਰਾਮੀ ਵਿਭਾਗ ਵਿਚ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਦੇ ਦਫਤਰ ਦੀ ਕੱਚਾ ਫਾਈਲ ਨੰ:117 ਉੱਤੇ ਕਾਰਵਾਈ ਸ਼ੁਰੂ ਕੀਤੀ ਹੈ, ਜਿਸ ਵਿਚ 12 ਨਵੰਬਰ, 1919 ਦਾ ਰਿਕਾਰਡ, ਜਿਸ ਦੇ ਤਹਿਤ ਪੀੜ੍ਹਤ ਦੇ ਵੇਰਵੇ ਜਿਵੇਂ ਕਿ ਮਾਰਿਆ ਗਿਆ, ਜਖਮੀ, ਲਾਪਤਾ ਕੀਤੇ ਗਏ ਨਿਪਟਾਰੇ ਬਾਰੇ ਜਾਣਕਾਰੀ ਨਹੀਂ ਹੈ ਆਦਿ ਦਰਜ ਕੀਤਾ ਗਿਆ ਹੈ।

3. ਜਦੋਂ ਕਿ ਸੁਤੰਤਰਤਾ ਸੰਗਰਾਮੀ ਵਿਭਾਗ ਨੇ ਸਟੇਟ ਆਰਕਾਈਵਜ਼ ਤੋਂ ਗ੍ਰਹਿ ਸਕੱਤਰ, ਪੰਜਾਬ ਦੇ ਦਫਤਰ ਦੀ ਸਾਲ 1921 ਦੀ ਫਾਈਲ ਨੰ:58 ਦੀ ਇਕ ਕਾਪੀ ਮੰਗਵਾ ਕੇ ਵੀ ਉਸ ਉੱਤੇ ਕਾਰਵਾਈ ਸ਼ੁਰੂ ਕੀਤੀ ਹੈ ਜਿਸ ਵਿਚ ਨਿਮਨ-ਲਿਖਤ 14 ਬਿਆਨ ਦਰਜ ਹਨ:-

1) ਅੰਮ੍ਰਿਤਸਰ ਸ਼ਹਿਰ ਨਾਲ ਸਬੰਧਤ ਮਾਰੇ ਗਏ ਵਿਅਕਤੀਆਂ ਦੀ ਸੂਚੀ
2) ਅੰਮ੍ਰਿਤਸਰ ਤਹਿਸੀਲ ਨਾਲ ਸਬੰਧਤ ਮਾਰੇ ਗਏ ਵਿਅਕਤੀਆਂ ਦੀ ਸੂਚੀ
3) ਤਰਨਤਾਰਨ ਤਹਿਸੀਲ ਨਾਲ ਸਬੰਧਤ ਮਾਰੇ ਗਏ ਵਿਅਕਤੀਆਂ ਦੀ ਸੂਚੀ
4) ਅਜਨਾਲਾ ਤਹਿਸੀਲ ਨਾਲ ਸਬੰਧਤ ਮਾਰੇ ਗਏ ਵਿਅਕਤੀਆਂ ਦੀ ਸੂਚੀ
5) ਜਿਲ੍ਹਾ ਲਾਹੌਰ ਨਾਲ ਸਬੰਧਤ ਮਾਰੇ ਗਏ ਵਿਅਕਤੀਆਂ ਦੀ ਸੂਚੀ
6) ਜਿਲ੍ਹਾ ਗੁਜਰਾਂਵਾਲਾ ਨਾਲ ਸਬੰਧਤ ਮਾਰੇ ਗਏ ਵਿਅਕਤੀਆਂ ਦੀ ਸੂਚੀ
7) ਹੋਰ ਜਿਲ੍ਹਿਆਂ ਨਾਲ ਸਬੰਧਤ ਮਾਰੇ ਗਏ ਵਿਅਕਤੀਆਂ ਦੀ ਸੂਚੀ
8) ਅੰਮ੍ਰਿਤਸਰ ਸ਼ਹਿਰ ਨਾਲ ਜਖਮੀ ਹੋਏ ਵਿਅਕਤੀਆਂ ਦੀ ਸੂਚੀ
9) ਅੰਮ੍ਰਿਤਸਰ ਤਹਿਸੀਲ ਨਾਲ ਸਬੰਧਤ ਜਖਮੀ ਹੋਏ ਵਿਅਕਤੀਆਂ ਦੀ ਸੂਚੀ
10) ਤਰਨਤਾਰਨ ਤਹਿਸੀਲ ਨਾਲ ਸਬੰਧਤ ਜਖਮੀ ਹੋਏ ਵਿਅਕਤੀਆਂ ਦੀ ਸੂਚੀ
11) ਅਜਨਾਲਾ ਤਹਿਸੀਲ ਨਾਲ ਸਬੰਧਤ ਜਖਮੀ ਹੋਏ ਵਿਅਕਤੀਆਂ ਦੀ ਸੂਚੀ
12) ਜਿਲ੍ਹਾ ਲਾਹੌਰ ਨਾਲ ਸਬੰਧਤ ਜਖਮੀ ਹੋਏ ਵਿਅਕਤੀਆਂ ਦੀ ਸੂਚੀ
13) ਜਿਲ੍ਹਾ ਗੁਜਰਾਂਵਾਲਾ ਨਾਲ ਸਬੰਧਤ ਜਖਮੀ ਹੋਏ ਵਿਅਕਤੀਆਂ ਦੀ ਸੂਚੀ
14) ਹੋਰ ਜਿਲ੍ਹਿਆਂ ਨਾਲ ਸਬੰਧਤ ਜਖਮੀ ਹੋਏ ਵਿਅਕਤੀਆਂ ਦੀ ਸੂਚੀ

4. ਜਦੋਂ ਕਿ ਇਸ ਤੋਂ ਇਲਾਵਾ ਸੁਤੰਤਰਤਾ ਸੰਗਰਾਮੀ ਵਿਭਾਗ ਨੇ ਭਾਰਤੀ ਕੌਂਸਲ ਆਫ ਹਿਸਟੋਰੀਕਲ ਰਿਸਰਚ ਨਾਲ ਤਾਲਮੇਲ ਕਰਕੇ ਸ਼ਹੀਦਾਂ ਦੀ ਡਿਕਸ਼ਨਰੀ, ਭਾਰਤੀ ਸੁਤੰਤਰਤਾ ਸੰਗਰਾਮੀ (ਦਿੱਲੀ, ਹਰਿਆਣਾ,

ਪੰਜਾਬ ਤੇ ਹਿਮਾਚਲ ਪ੍ਰਦੇਸ 1857-1919) ਸ਼ਹੀਦਾਂ ਦੀ ਡਿਕਸ਼ਨਰੀ ਦੇ ਭਾਗ-1 ਦਾ ਵਾਲਿਯੂਮ-1 ਪ੍ਰਾਪਤ ਕੀਤਾ ਹੈ ਅਤੇ ਉਸ ਨੂੰ ਨਿਮਨਲਿਖਤ ਦਸਤਾਵੇਜਾਂ ਦੀ ਪੜਤਾਲ ਕਰਨ ਲਈ ਸੁਝਾਅ ਦਿੱਤਾ ਹੈ:-

1) ਹੋਮ ਪੋਲ ਫਾਈਲ ਨੰ:333 (1922) ਨੈਸ਼ਨਲ ਆਰਕਾਈਵ ਆਫ ਇੰਡੀਆ, ਨਵੀਂ ਦਿੱਲੀ
2) ਗ੍ਰਹਿ ਮੰਤਰਾਲੇ, ਪੰਜਾਬ ਸਰਕਾਰ ਸਿਵਲ ਸਕੱਤਰੇਤ, "ਬੀ" ਪ੍ਰੋਸੀਡਿੰਗਜ ਫਾਈਲ ਨੰ:139 (1921) ਪੰਜਾਬ ਰਾਜ ਆਰਕਾਈਵਜ, ਚੰਡੀਗੜ੍ਹ
3) ਭਾਰਤੀ ਰਾਸ਼ਟਰੀ ਕਾਂਗਰਸ ਦੇ ਪੰਜਾਬ ਸਬ ਕਮਿਸ਼ਨ ਦੁਬਾਰਾ ਨਿਯੁਕਤ ਕੀਤੇ ਗਏ ਕਮਿਸ਼ਨਰਾਂ ਦੀ ਰਿਪੋਰਟ
4) ਜਲ੍ਹਿਆਂਵਾਲਾ ਬਾਗ ਟਰੱਸਟ ਅੰਮ੍ਰਿਤਸਰ ਦਫਤਰ ਸੁਪਰਡੈਂਟ ਤੋਂ ਪ੍ਰਾਪਤ ਹੋਏ ਪੇਪਰ

5. ਜਦੋਂ ਕਿ ਸੁਤੰਤਰਤਾ ਸੰਗਰਾਮੀ ਵਿਭਾਗ ਨੇ ਡਾਇਰੈਕਟਰ ਜਨਰਲ ਆਰਕਾਈਵਜ, ਨਵੀਂ ਦਿੱਲੀ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਵਾਈਸ ਚਾਂਸਲਰ ਅਤੇ ਇਨ੍ਹਾਂ ਦੇ ਨਾਲ ਜਲ੍ਹਿਆਂਵਾਲਾ ਬਾਗ ਟਰੱਸਟ ਦੇ ਨਾਲ ਵੀ ਰਾਬਤਾ ਕਾਇਮ ਕੀਤਾ ਹੈ ਤਾਂ ਕਿ ਪ੍ਰਮਾਣਿਤ ਤਸਦੀਕਸ਼ੁਦਾ ਦਸਤਾਵੇਜਾਂ ਬਾਰੇ ਜਾਣਕਾਰੀ ਸਾਂਝੀ ਕਰਕੇ ਜਲ੍ਹਿਆਂਵਾਲਾ ਬਾਗ ਦੇ ਕਤਲੇਆਮ ਵਿਚ ਹੋਏ ਸ਼ਹੀਦਾਂ ਦੀ ਇਕ ਸੂਚੀ ਤਿਆਰ ਕੀਤੀ ਜਾ ਸਕੇ।

6. ਜਦੋਂ ਕਿ ਆਉਣ ਵਾਲੇ ਸਮੇਂ ਵਿਚ ਸ਼ਹੀਦਾਂ ਦੀ ਸ਼ਹਾਦਤ ਦੀ ਪ੍ਰਕ੍ਰਿਆ ਪੂਰੀ ਹੋਣ ਉਪਰੰਤ ਅਗਲਾ ਕਦਮ 13 ਅਪ੍ਰੈਲ, 1919 ਨੂੰ ਜਲ੍ਹਿਆਂਵਾਲਾ ਬਾਗ ਹੱਤਿਆ ਕਾਂਡ ਦੇ ਸ਼ਹੀਦਾਂ ਦੇ ਆਸ਼ਰਿਤਾਂ/ਕਾਨੂੰਨੀ ਵਾਰਸਾਂ ਦੀ ਸ਼ਨਾਖਤ ਕਰਨ ਲਈ ਇਕ ਬਹੁਪੱਖੀ ਅੰਤਰ ਵਿਭਾਗੀ ਅਪ੍ਰੋਚ ਅਖਤਿਆਰ ਕਰਨਾ ਹੋਵੇਗਾ।

7. ਜਦੋਂ ਕਿ ਰਾਜ ਵੱਲੋਂ ਮੁਆਵਜੇ ਦੀ ਗਣਨਾ ਕਰਨ ਸਬੰਧੀ ਅਜਾਦੀ ਪੂਰਵ ਭਾਰਤ ਨਾਲ ਸਬੰਧਤ ਕੁਝ ਹਦਾਇਤਾਂ ਸਰਕਾਰੀ ਦਸਤਾਵੇਜ ਵਿਚ ਦਰਜ ਕੀਤੀਆਂ ਗਈਆਂ ਹਨ ਪ੍ਰੰਤੂ ਸੁਤੰਤਰਤਾ ਸੰਗਰਾਮੀ ਵਿਭਾਗ ਵਿਚ ਕੋਈ ਰਿਪੋਰਟ ਮੌਜੂਦ ਨਹੀਂ ਹੈ ਜਿਸ ਤੋਂ ਇਹ ਜਾਹਿਰ ਹੋਵੇ ਕਿ ਜਲ੍ਹਿਆਂਵਾਲਾ ਬਾਗ ਹੱਤਿਆ ਕਾਂਡ ਦੇ ਆਸ਼ਰਿਤਾਂ/ ਕਾਨੂੰਨੀ ਵਾਰਸਾਂ ਜਾਂ ਉਸ ਵਿਚ ਜ਼ਖਮੀ ਹੋਏ ਲੋਕਾਂ ਨੂੰ ਸੁਤੰਤਰਤਾ ਸੰਗਰਾਮੀਆਂ ਜਾਂ ਉਨ੍ਹਾਂ ਦੇ ਪਰਿਵਾਰਾਂ ਪ੍ਰਤੀ ਰਾਸ਼ਟਰ ਦੇ ਸਤਿਕਾਰ ਵਜੋਂ ਸੁਤੰਤਰ ਭਾਰਤ ਵਿਚ ਕੋਈ ਪੈਨਸ਼ਨ ਜਾਂ ਕਿਸੇ ਹੋਰ ਤਰ੍ਹਾਂ ਦੀ ਸੁਵਿਧਾ ਮੁਹੱਈਆ ਕਰਵਾਈ ਗਈ ਹੋਵੇ।

8. ਜਦੋਂ ਕਿ ਸ਼ਹੀਦਾਂ ਅਤੇ ਉਸ ਦੇ ਨਾਲ-ਨਾਲ ਜ਼ਖਮੀ ਹੋਏ ਵਿਅਕਤੀਆਂ ਦੀ ਪ੍ਰਕ੍ਰਿਆ ਪੂਰੀ ਹੋਣ ਅਤੇ ਉਨ੍ਹਾਂ ਦੇ ਆਸ਼ਰਿਤਾਂ/ਕਾਨੂੰਨੀ ਵਾਰਸਾਂ ਦੀ ਸ਼ਨਾਖਤ ਹੋਣ ਉਪਰੰਤ ਇਕ ਡਰਾਫਟ ਪਾਲਿਸੀ ਤਿਆਰ ਕਰਕੇ ਖਾਸ ਤੌਰ ਤੇ ਇਸ ਮੰਤਵ ਨਾਲ ਭਾਰਤ ਸਰਕਾਰ ਨੂੰ ਭੇਜੀ ਜਾਵੇਗੀ ਕਿਉਂਕਿ ਮੌਜੂਦਾ ਪਾਲਿਸੀਆਂ ਦੇ ਤਹਿਤ ਪੈਨਸ਼ਨ ਅਤੇ ਹੋਰ ਸੁਵਿਧਾਵਾਂ ਪ੍ਰਾਪਤ ਕਰਨ ਲਈ ਯੋਗਤਾ ਦੀਆਂ ਸ਼ਰਤਾਂ ਤੇ ਬਾਨਾਂ ਦੇ ਅੰਤਰਗਤ ਜਲ੍ਹਿਆਂਵਾਲਾ ਬਾਗ ਦੇ ਹੱਤਿਆ ਕਾਂਡ ਦੇ ਸ਼ਹੀਦਾਂ ਦੇ ਆਸ਼ਰਿਤਾਂ/ਕਾਨੂੰਨੀ ਵਾਰਸ 94 ਸਾਲ ਬਾਅਦ ਹੱਕਦਾਰ ਨਹੀਂ ਬਣਦੇ ਕਿਉਂਕਿ ਉਨ੍ਹਾਂ ਦੇ ਕਾਨੂੰਨੀ ਹੱਕਦਾਰ/ਆਸ਼ਰਿਤਾਂ ਦੀਆਂ ਹੁਣ ਤੱਕ ਕਈ ਪੀੜ੍ਹੀਆਂ ਲੰਘ ਚੁੱਕੀਆਂ ਹਨ।

9. ਹੁਣ ਇਸ ਲਈ ਰਾਜਪਾਲ, ਪੰਜਾਬ ਨੂੰ ਜਲ੍ਹਿਆਂਵਾਲਾ ਬਾਗ ਹੱਤਿਆ ਕਾਂਡ ਦੇ ਸ਼ਹੀਦਾਂ, ਉਨ੍ਹਾਂ ਦੇ ਆਸ਼ਰਿਤਾਂ/ਕਾਨੂੰਨੀ ਵਾਰਸਾਂ ਦੀ ਸ਼ਨਾਖਤ ਲਈ , ਜਲ੍ਹਿਆਂਵਾਲਾ ਬਾਗ ਹੱਤਿਆ ਕਾਂਡ ਦੇ ਸ਼ਹੀਦਾਂ ਦੇ ਪਰਿਵਾਰਾਂ ਪ੍ਰਤੀ ਰਾਜ ਵੱਲੋਂ ਉਚਿਤ ਤਰੀਕੇ ਨਾਲ ਸ਼ੁਕਰਾਨਾ ਪ੍ਰਗਟ ਕਰਨ ਲਈ ਅਤੇ ਗ੍ਰਹਿ ਮਾਮਲੇ ਮੰਤਰਾਲੇ, ਭਾਰਤ ਸਰਕਾਰ ਨੂੰ ਇਕ ਪਾਲਿਸੀ ਤਜਵੀਜ ਦਾ ਮਸੌਦਾ ਪੇਸ਼ ਕਰਨ ਲਈ, ਨਿਮਨਲਿਖਤ ਕਮੇਟੀ ਕਾਇਮ ਕਰਦੇ ਸਮੇਂ ਪ੍ਰਸੰਨਤਾ ਮਹਿਸੂਸ ਹੁੰਦੀ ਹੈ:-

| | | |
|---|---|---|
| 1) | ਮੁੱਖ ਸਕੱਤਰ, ਪੰਜਾਬ ਸਰਕਾਰ | ਚੇਅਰਮੈਨ |
| 2) | ਪ੍ਰਮੁੱਖ ਸਕੱਤਰ ਸੁਤੰਤਰਤਾ ਸੰਗਰਾਮੀ, ਪੰਜਾਬ | ਮੈਂਬਰ |
| 3) | ਵਿੱਤੀ ਕਮਿਸ਼ਨਰ ਮਾਲ, ਪੰਜਾਬ | ਮੈਂਬਰ |
| 4) | ਪ੍ਰਮੁੱਖ ਸਕੱਤਰ ਵਿੱਤ, ਪੰਜਾਬ | ਮੈਂਬਰ |
| 5) | ਸੰਯੁਕਤ ਸਕੱਤਰ/ਡਾਇਰੈਕਟਰ, ਸੁਤੰਤਰਤਾ ਸੰਗਰਾਮੀ ਗ੍ਰਹਿ ਮਾਮਲੇ ਮੰਤਰਾਲੇ, ਭਾਰਤ ਸਰਕਾਰ | ਮੈਂਬਰ |
| 6) | ਸਕੱਤਰ/ਵਿਸ਼ੇਸ਼ ਸਕੱਤਰ/ਵਧੀਕ ਸਕੱਤਰ ਸੁਤੰਤਰਤਾ ਸੰਗਰਾਮੀ | ਕਨਵੀਨਰ/ ਮੈਂਬਰ ਸਕੱਤਰ |

7) ਡਾਇਰੈਕਟਰ ਆਰਕਾਈਵਜ਼, ਪੰਜਾਬ — ਮੈਂਬਰ
8) ਡਿਪਟੀ ਕਮਿਸ਼ਨਰ, ਅੰਮ੍ਰਿਤਸਰ — ਮੈਂਬਰ

10. ਇਹ ਕਮੇਟੀ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਆਪਣੀਆਂ ਸਿਫਾਰਸ਼ਾਂ ਪੇਸ਼ ਕਰੇਗੀ।

ਮਿਤੀ,ਚੰਡੀਗੜ੍ਹ:
04 ਜਨਵਰੀ, 2013

ਸਰਵੇਸ਼ ਕੌਸ਼ਲ
ਪ੍ਰਮੁੱਖ ਸਕੱਤਰ ਫਰੀਡਮ ਫਾਈਟਰ, ਪੰਜਾਬ

ਪਿੱ:ਅੰ:ਨੰ:1/8/2010-2ਐਫ.ਐਫ./31 — ਮਿਤੀ,ਚੰਡੀਗੜ੍ਹ: 04-01-2013

ਉਪਰੋਕਤ ਦਾ ਇਕ ਉਤਾਰਾ ਕਮੇਟੀ ਦੇ ਸਾਰੇ ਮੈਂਬਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਸਕੱਤਰ ਫਰੀਡਮ ਫਾਈਟਰ

ਪਿੱ:ਅੰ:ਨੰ:1/8/2010-2ਐਫ.ਐਫ./32 — ਮਿਤੀ,ਚੰਡੀਗੜ੍ਹ: 04-01-2013

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਾਵਾਈ ਲਈ ਭੇਜਿਆ ਜਾਂਦਾ ਹੈ:-

1) ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ;
2) ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖੀ;
3) ਪੰਜਾਬ ਰਾਜ ਦੀਆਂ ਸਮੂਹ ਡਵੀਜਨਾਂ ਦੇ ਕਮਿਸ਼ਨਰ;
4) ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ;
5) ਪੰਜਾਬ ਰਾਜ ਦੇ ਸਮੂਹ ਬੋਰਡਾਂ/ਕਾਰਪੋਰੇਸ਼ਨਾਂ ਦੇ ਮੁੱਖੀ;
6) ਪੰਜਾਬ ਰਾਜ ਦੇ ਸਮੂਹ ਸਬ-ਡਵੀਜਨਲ ਮੈਜਿਸਟ੍ਰੇਟ (ਸਿਵਲ)।

ਸੁਪਰਡੰਟ

ਪਿੱ:ਅੰ:ਨੰ:1/8/2010-2ਐਫ.ਐਫ./33 — ਮਿਤੀ,ਚੰਡੀਗੜ੍ਹ: 04-01-2013

ਇਕ ਉਤਾਰਾ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਗਜਟ (ਐਕਸਟਰਾ ਆਰਡਨਰੀ) ਵਿਚ ਪ੍ਰਕਾਸ਼ਤ ਕੀਤਾ ਜਾਵੇ ਅਤੇ ਇਸ ਦੀਆਂ 100 ਕਾਪੀਆਂ ਇਸ ਵਿਭਾਗ ਨੂੰ ਭੇਜੀਆਂ ਜਾਣ।

ਸੁਪਰਡੰਟ